# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਖੂਹ ਉੱਤੇ ਔਰਤ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen

ਕਹਾਣੀ 47 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*

ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਪੰਜ਼ਾਬੀ

Punjabi

ਯਿਸੂ ਅਤੇ ਉਸਦੇ ਚੇਲੇ ਸਾਮਰੀਆ ਨਗਰ ਦੇ ਵਿੱਚੋਂ ਦੀ ਜਾ ਰਹੇ ਸੀਂ। ਉਹ ਨਗਰ ਨੂੰ ਗਏ ਜੋ ਸੁਖਾਰ ਕਹਾਉਂਦਾ ਸੀ।



1

ਉੱਥੇ ਇੱਕ ਖੂਹ ਸੀਂ, ਜਿੱਥੋਂ ਸੁਖਾਰ ਦੇ ਲੋਕ ਆਪਣੇ ਪੀਣ ਲਈ ਪਾਣੀ ਭਰਦੇ ਸੀਂ। ਬਹੁਤ ਸਮਾਂ ਪਹਿਲਾਂ ਇਹ ਖੂਹ ਇਸਰਾਈਲੀਆਂ ਦੇ ਪਿਤਾ ਯਾਕੂਬ ਨੇਂ ਪੁੱਟਿਆ ਸੀਂ।



2


ਸਾਝਰੇ ਦੁਪਹਿਰ ਦਾ ਸਮਾਂ ਸ਼ਾਇਦ ਧੁੱਪ ਵਾਲਾ ਅਤੇ ਗਰਮ ਸੀ।ਥੱਕੇ ਹੋਏ ਅੰਦਾਜ ਵਿੱਚ, ਯਿਸੂ ਖੂਹ ਦੇ ਲਾਗੇ ਬੈਠ ਗਿਆ ਜਦਕਿ ਉਸਦੇ ਚੇਲੇ ਭੋਜਨ ਖਰੀਦਣ ਲਈ ਸੁਖਾਰ ਨੂੰ ਚਲੇ ਗਏ।
3
ਯਿਸੂ ਉੱਥੇ ਇਕੱਲਾ ਸੀਂ - ਪਰ ਜਿਆਦਾ ਦੇਰ ਲਈ ਨਹੀਂ। ਇੱਕ ਔਰਤ ਜਿਹੜੀ ਸੁਖਾਰ ਵਿੱਚ ਰਹਿੰਦੀ ਸੀਂ ਪਾਣੀ ਭਰਨ ਲਈ ਆਈ।
ਯਿਸੂ ਨੇਂ ਉਸਨੂੰ ਆਖਿਆ, “ਮੈਨੂੰ ਪਾਣੀ ਦੇਹ।”
4
ਔਰਤ ਹੈਰਾਨ ਹੋ ਗਈ। ਉਸਨੇਂ ਆਖਿਆ, “ਭਲਾਂ ਤੂੰ ਯਹੂਦੀ ਹੋ ਕੇ ਮੇਰੇ ਕੋਲੋਂ ਜ ਸਾਮਰੀ ਔਰਤ ਹਾਂ ਪੀਣ ਨੂੰ ਕਿਵੇਂ ਮੰਗ ਸਕਦਾ ਹੈਂ।” ਉਹਨਾਂ ਦਿਨਾਂ ਵਿੱਚ, ਯਹੂਦੀ ਸਾਮਰੀਆਂ ਨਾਲ ਨਹੀਂ ਵਰਤਦੇ ਸਨ!
5
ਲੱਗਭੱਗ ਔਰਤ ਉਦੋਂ ਜਿਆਦਾ ਹੈਰਾਨ ਹੋਈ ਹੋਵੇਗੀ ਜਦੋਂ ਯਿਸੂ ਨੇਂ ਉਸ ਨੂੰ ਕਿਹਾ, “ਜੇਕਰ ਤੂੰ ਮੈਨੂੰ ਜਾਣਦੀ ਮੈਂ ਕੌਣ ਹਾਂ, ਤੂੰ ਮੇਰੇ ਤੋਂ ਜੀਵਨ ਦਾ ਜਲ ਮੰਗਦੀ।”
6
ਔਰਤ ਨੇਂ ਯਿਸੂ ਨੂੰ ਆਖਿਆ, “ਗੁਰੂ ਜੀ, ਖੂਹ ਡੂੰਘਾ ਹੈ ਅਤੇ ਤੁਹਾਡੇ ਕੋਲ ਪਾਣੀ ਕੱਢਣ ਲਈ ਕੁਝ ਵੀ ਨਹੀ। ਤਾਂ ਤੁਸੀਂ ਕਿਥੋਂ ਜੀਵਨ ਦਾ ਜਲ ਲਿਆਂਵੋਗੇ? ਕੀ ਤੁਸੀਂ ਸਾਡੇ ਪਿਤਾ ਯਾਕੂਬ ਤੋਂ ਮਹਾਨ ਜੇ, ਜਿਹਨਾਂ ਸਾਨੂੰ ਇਹ ਖੂਹ ਦਿੱਤਾ...?
7
ਯਿਸੂ ਨੇਂ ਔਰਤ ਨੂੰ ਆਖਿਆ, “ਜੋ ਕੋਈ ਇਸ ਪਾਣੀ ਵਿੱਚੋਂ ਪੀਵੇਗਾ ਉਹ ਫਿਰ ਪਿਆਸਾ ਹੋਵੇਗਾ।” “ਪਰ ਜੋ ਕੋਈ ਮੇਰਾ ਦਿੱਤਾ ਹੋਇਆ ਜਲ ਪੀਵੇਗਾ ਸੋ ਸਦੀਪਕ ਕਾਲ ਤੱਕ ਪਿਆਸਾ ਨਹੀਂ ਹੋਵੇਗਾ।
8

ਜੋ ਜਲ ਮੈਂ ਉਹਨੂੰ ਦੇਵਾਂਗਾ ਉਹ ਦੇ ਵਿੱਚ ਜਲ ਦਾ ਇੱਕ ਸੋਮਾ ਬਣ ਜਾਵੇਗਾ ਜੋ ਅਨੰਤ ਜੀਵਨ ਤੱਕ ਉਛਲਦਾ ਰਹੇਗਾ।” ਔਰਤ ਨੇਂ ਆਖਿਆ, “ਗੁਰੁ ਜੀ, ਇਹ ਜਲ ਮੈਨੂੰ ਦਿਉ ...।”



9

ਯਿਸੂ ਨੇਂ ਔਰਤ ਨੂੰ ਆਖਿਆ ਜਾ ਆਪਣੇ ਪਤੀ ਨੂੰ ਸੱਦ ਲਿਆ। ਔਰਤ ਨੇਂ ਉੱਤਰ ਦਿੱਤਾ, “ਮੇਰਾ ਪਤੀ ਹੈ ਨਹੀਂ।” “ਤੂੰ ਪੰਜ ਪਤੀ ਕਰ ਚੁੱਕੀ ਹੈਂ,” ਯਿਸੂ ਨੇਂ ਆਖਿਆ। “ਅਤੇ ਜਿਹੜਾ ਹੁਣ ਤੇਰੇ ਕੋਲ ਹੈ ਉਹ ਤੇਰਾ ਪਤੀ ਨਹੀਂ।”



10

ਔਰਤ ਨੇਂ ਪਹਿਚਾਣ ਲਿਆ ਕੀ ਯਿਸੂ ਇੱਕ ਨਬੀ ਹੈ। ਉਸਨੇਂ ਉਸ ਨਾਲ ਵਾਦ ਵਿਵਾਦ ਦੁਆਰਾ ਜਾਨਣ ਦੀ ਕੋਸ਼ਿਸ਼ ਕੀਤੀ ਕੀ ਪਰਮੇਸ਼ਵਰ ਦੀ ਉਪਾਸਨਾ ਕਿੱਥੇ ਕਰਨੀ ਚਾਹੀਦੀ ਹੈ: ਯਰੂਸ਼ਲਮ ਵਿੱਚ ਜਾਂ ਸਾਮਰੀਆ ਦੇ ਪਵਿੱਤਰ ਪਹਾੜ ਉੱਤੇ।ਯਿਸੂ ਨੇਂ ਆਖਿਆ ਸੱਚੇ ਉਪਾਸਕ ਪਿਤਾ ਦੀ ਉਪਾਸਨਾ ਆਤਮਾਂ ਅਤੇ ਸਚਾਈ ਨਾਲ ਕਰਦੇ ਹਨ।



11

ਔਰਤ ਨੇਂ ਯਿਸੂ ਨੂੰ ਕਿਹਾ, “ਮੈਂ ਜਾਣਦੀ ਹਾਂ ਕੀ ਮਸੀਹਾ ਆ ਰਿਹਾ ਹੈ।” “ਜਦ ਉਹ ਆਵੇਗਾ, ਤਾਂ ਸਾਨੂੰ ਸਭ ਕੁਝ ਦੱਸੇਗਾ।”



12

ਯਿਸੂ ਨੇਂ ਔਰਤ ਨੂੰ ਆਖਿਆ, “ਮੈਂ ਜੋ ਤੇਰੇ ਨਾਲ ਬੋਲਦਾ ਹਾਂ ਉਹੋ ਹੀ ਹਾਂ।” ਇੰਨੇ ਨੂੰ ਉਸਦੇ ਚੇਲੇ ਆ ਗਏ। ਔਰਤ ਆਪਣਾ ਪਾਣੀ ਵਾਲਾ ਮਹਿੰਗਾ ਘੜਾ ਖੂਹ ਕੋਲ ਛੱਡ ਕੇ ਸ਼ਹਿਰ ਨੂੰ ਵਾਪਸ ਚਲੀ ਗਈ।



13

ਔਰਤ ਨੇਂ ਸੁਖਾਰ ਦੇ ਮਨੁੱਖਾਂ ਨੂੰ ਆਖਿਆ, “ਚੱਲੋ ਇੱਕ ਮਨੁੱਖ ਨੂੰ ਵੇਖੋ ਜਿਹ ਨੇਂ ਜੋ ਕੁਝ ਮੈਂ ਕੀਤਾ ਹੈ ਸਭੋ ਮੈਨੂੰ ਦੱਸ ਦਿੱਤਾ।” “ਇਹ ਕਿਤੇ ਮਸੀਹ ਤਾਂ ਨਹੀਂ?” ਲੋਕ ਸ਼ਹਿਰ ਨੂੰ ਛੱਡ ਕੇ ਚੱਲ ਪਏ ਕੀ ਯਿਸੂ ਨੂੰ ਆਪ ਵੇਖਣ।



14

ਏਨੇ ਨੂੰ, ਚੇਲਿਆਂ ਨੇਂ ਯਿਸੂ ਨੂੰ ਭੋਜਨ ਕਰਨ ਲਈ ਆਖਿਆ। ਪਰ ਯਿਸੂ ਨੇਂ ਕਿਹਾ, "ਮੇਰਾ ਭੋਜਨ ਇਹ ਹੈ ਕੀ ਮੈਂ ਆਪਣੇ ਭੇਜਣ ਵਾਲੇ ਦੀ ਮਰਜੀ ਉੱਤੇ ਚੱਲਾਂ ਅਤੇ ਉਹਦਾ ਕੰਮ ਸੰਪੂਰਣ ਕਰਾਂ।"



15

ਉਸਦਾ ਕੰਮ ਇਹ ਸੀਂ ਕੀ ਲੋਕਾਂ ਨੂੰ ਪਰਮੇਸ਼ਵਰ ਦੇ ਕੋਲ ਲਿਆਵੇ।



16

ਬਹੁਤ ਸਾਰੇ ਸਾਮਰੀਆਂ ਨੇਂ ਉਸ ਔਰਤ ਦੇ ਕਹਿਣੇ ਕਰਕੇ ਉਸ ਉੱਤੇ ਵਿਸ਼ਵਾਸ਼ ਕੀਤਾ। ਉਹਨਾਂ ਨੇਂ ਯਿਸੂ ਨੂੰ ਆਪਣੇ ਕੋਲ ਠਹਿਰਣ ਲਈ ਆਖਿਆ; ਅਤੇ ਉਹ ਦੋ ਦਿਨ ਉੱਥੇ ਰਿਹਾ।



17

ਬਹੁਤ ਸਾਰਿਆਂ ਨੇਂ ਉਹਦੇ ਵਚਨ ਦੇ ਕਾਰਨ ਨਿਹਚਾ ਕੀਤੀ। ਉਹਨਾਂ ਆਖਿਆ, "… ਹੁਣ ਅਸਾਂ ਆਪ ਸੁਣਿਆ ਹੈ ਅਤੇ ਜਾਣਦੇ ਹਾਂ ਕੀ ਇਹ ਸੱਚ ਮੁੱਚ ਮਸੀਹ ਅਤੇ ਇਹ ਜਗਤ ਦਾ ਤਾਰਨਹਾਰਾ ਹੈ।"



18

## ਖੂਹ ਉੱਤੇ ਔਰਤ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੂੰਨਾ ਦੀ ਇੰਜੀਲ 4

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।